ਮਿੱਠੇ ਬੱਚੇ:- "ਮਿੱਠੇ ਬੱਚੇ :- ਹੁਣ ਘੋਰ ਹਨ੍ਹੇਰਾ, ਭਿਆਨਕ ਰਾਤ ਪੂਰੀ ਹੋ ਰਹੀ ਹੈ, ਤੁਹਾਨੂੰ ਦਿਨ ਵਿੱਚ ਚੱਲਣਾ ਹੈ, ਇਹ ਬ੍ਰਹਮਾ ਦੇ ਬੇਹੱਦ ਦੇ ਦਿਨ ਅਤੇ ਰਾਤ ਦੀ ਕਹਾਣੀ ਹੈ"

ਪ੍ਰਸ਼ਨ:- ਸੈਕਿੰਡ ਵਿੱਚ ਜੀਵਨਮੁਕਤੀ ਪ੍ਰਾਪਤ ਕਰਨ ਅਤੇ ਹੀਰੇ ਵਰਗਾ ਜੀਵਨ ਬਣਾਉਣ ਦਾ ਆਧਾਰ ਕੀ ਹੈ?

ਉੱਤਰ:- ਸੱਚੀ ਗੀਤਾ। ਜੋ ਸ਼੍ਰੀਮਤ ਭਗਵਾਨੁਵਾਚ ਹੈ। ਬਾਪ ਤੁਹਾਨੂੰ ਸਮੁੱਖ ਜੋ ਡਾਇਰੈਕਸ਼ਨ ਦੇ ਰਹੇ ਹਨ। ਇਹ ਸੱਚੀ ਗੀਤਾ ਹੈ, ਜਿਸਨਾਲ ਤੁਹਾਨੂੰ ਸੈਕਿੰਡ ਵਿੱਚ ਜੀਵਨ-ਮੁਕਤੀ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ਤੁਸੀਂ ਹੀਰੇ ਵਰਗੇ ਬਣਦੇ ਹੋ।

ਪ੍ਰਸ਼ਨ:- ਸਵਰਗ ਦੇ ਘਨੇਰੇ ਸੁਖ ਕਿਸ ਪੁਰਸ਼ਾਰਥ ਦੇ ਆਧਾਰ ਨਾਲ ਮਿਲਦੇ ਹਨ?

ਉੱਤਰ:- ਰੋਜ਼ ਪੜ੍ਹਾਈ ਅਤੇ ਯੋਗ ਨਾਲ, ਸਵਰਗ ਦੇ ਘਨ੍ਹੇਰੇ ਸੁਖ ਮਿਲ ਜਾਣਗੇ ਇਸਲਈ ਪੜ੍ਹਾਈ ਵਿੱਚ ਕਦੀ ਥੱਕਣਾ ਨਹੀਂ। ਬਾਪ ਟੀਚਰ ਬਣਕੇ ਪੜ੍ਹਾ ਰਹੇ ਹਨ ਤਾਂ ਤੁਸੀਂ ਚੰਗੇ ਮਾਰਕਸ ਨਾਲ ਪਾਸ ਹੋਣ ਦਾ ਪੁਰਸ਼ਾਰਥ ਕਰੋ, ਇਸ ਵਿੱਚ ਅਸ਼ੀਰਵਾਦ ਅਤੇ ਕ੍ਰਿਪਾ ਦੀ ਗੱਲ ਨਹੀਂ ਹੈ।

ਗੀਤ:- ਰਾਤ ਦੇ ਰਾਹੀਂ ਥੱਕ ਮਤ ਜਾਣਾ...

ਓਮ ਸ਼ਾਂਤੀ। ਹੁਣ ਇਹ ਗੀਤ ਤੁਸੀਂ ਬੱਚਿਆਂ ਨੇ ਨਹੀਂ ਬਣਵਾਏ ਹਨ। ਇਹ ਤਾਂ ਫ਼ਿਲਮਾਂ ਵਾਲਿਆਂ ਨੇ ਬੈਠ ਬਣਵਾਏ ਹਨ। ਅਰਥ ਤੇ ਕੁਝ ਵੀ ਸਮਝਦੇ ਨਹੀਂ। ਹਰ ਇਕ ਗੱਲ ਦਾ ਸਹੀ ਅਰਥ ਨਾ ਜਾਨਣ ਨਾਲ ਅਨਰਥ ਹੋ ਜਾਂਦਾ ਹੈ। ਗਾਉਂਦੇ ਹਨ, ਸਮਝਦੇ ਕੁਝ ਨਹੀਂ ਹਨ। ਹੁਣ ਤੁਹਾਨੂੰ ਬੱਚਿਆਂ ਨੂੰ ਸ਼੍ਰੀਮਤ ਮਿਲੀ ਹੋਈ ਹੈ। ਕਿਸਦੀ? ਭਗਵਾਨ ਦੀ। ਭਗਵਾਨ ਨੂੰ ਹੀ ਭਗਤ ਨਹੀਂ ਜਾਣਦੇ ਤਾਂ ਉਹਨਾਂ ਭਗਤਾਂ ਦੀ ਸਦਗਤੀ ਕਿਵੇਂ ਹੋ ਸਕਦੀ ਹੈ। ਭਗਤਾਂ ਦਾ ਰਖਵਾਲਾ ਹੈ ਭਗਵਾਨ, ਰੱਖਿਆ ਮੰਗਦੇ ਹਨ, ਜਰੂਰ ਕੋਈ ਦੁੱਖ ਹੈ। ਸਾਡੀ ਰੱਖਿਆ ਕਰੋ। ਬਹੁਤ ਗਾਉਂਦੇ ਹਨ ਪ੍ਰੰਤੂ ਭਗਵਾਨ ਕੌਣ ਹਨ, ਕਿਸਤੋ ਰੱਖਿਆ ਕਰਦੇ ਹਨ, ਜਰਾ ਵੀ ਨਹੀਂ ਜਾਣਦੇ। ਭਗਤ ਅਤੇ ਬੱਚੇ ਆਪਣੇ ਬਾਪ ਨੂੰ ਨਾ ਜਾਨਣ ਕਾਰਨ ਕਿੰਨੇ ਦੁਖੀ ਹੋ ਗਏ ਹਨ। ਹੁਣ ਇਹਨਾਂ ਦਾ ਅਰਥ ਤੁਸੀਂ ਬੱਚੇ ਸਮਝਦੇ ਹੋ। ਹੁਣ ਹੈ ਘੋਰ ਹਨ੍ਹੇਰਾ ਭਿਆਨਕ ਰਾਤ, ਅਧਾਕਲਪ ਦੀ ਰਾਤ ਹੈ। ਕੋਈ ਵੀ ਵਿਦਵਾਨ, ਅਚਾਰਯ, ਪੰਡਿਤ ਨਹੀਂ ਜਾਣਦੇ ਕਿ ਰਾਤ ਕਿਸਨੂੰ ਕਿਹਾ ਜਾਂਦਾ ਹੈ। ਉਵੇਂ ਤਾਂ ਇਹ ਜਾਨਵਰ ਵੀ ਜਾਣਦੇ ਹਨ ਰਾਤ ਸੌਣ ਦੀ, ਦਿਨ ਜਾਗਣੇ ਦਾ ਹੁੰਦਾ ਹੈ। ਚਿੜੀਆਂ ਵੀ ਰਾਤ ਨੂੰ ਸੋ ਜਾਂਦੀਆਂ ਹਨ। ਸਵੇਰ ਹੁੰਦੇ ਹੀ ਉੱਡਣ ਲਗਦੀਆਂ ਹਨ। ਉਹ ਦਿਨ - ਰਾਤ ਕਾਮਨ ਹੈ। ਇਹ ਬ੍ਰਹਮਾ ਦੀ ਬੇਹੱਦ ਦੀ ਰਾਤ ਅਤੇ ਬੇਹੱਦ ਦਾ ਦਿਨ ਹੈ। ਬੇਹੱਦ ਦਾ ਦਿਨ ਸਤਿਯੁਗ - ਤ੍ਰੇਤਾ ਅਤੇ ਰਾਤ ਦਵਾਪਰ-ਕਲਿਯੁਗ। ਅੱਧਾ - ਅੱਧਾ ਚਾਹੀਦਾ ਹੈ। ਦਿਨ ਦੀ ਉਮਰ ਵੀ 2500 ਵਰ੍ਹੇ ਹੈ। ਇਸ ਦਿਨ - ਰਾਤ ਦਾ ਤੇ ਕਿਸੇਨੂੰ ਪਤਾ ਨਹੀਂ ਹੈ। ਹੁਣ ਤੁਸੀਂ ਬੱਚੇ ਜਾਣਦੇ ਹੋ ਕਿ ਰਾਤ ਪੂਰੀ ਮਤਲਬ 84 ਜਨਮ ਪੂਰੇ ਹੁੰਦੇ ਹਨ ਮਤਲਬ ਡਰਾਮਾ ਦਾ ਚੱਕਰ ਪੂਰਾ ਹੁੰਦਾ ਹੈ ਫਿਰ ਦਿਨ ਸ਼ੁਰੂ ਹੁੰਦਾ ਹੈ। ਰਾਤ ਨੂੰ ਦਿਨ ਅਤੇ ਦਿਨ ਨੂੰ ਰਾਤ ਬਣਾਉਣ ਵਾਲਾ ਕੌਣ ਹੈ, ਉਹ ਵੀ ਕੋਈ ਨਹੀਂ ਜਾਣਦੇ। ਭਗਵਾਨ ਨੂੰ ਹੀ ਨਹੀਂ ਜਾਣਦੇ ਤਾਂ ਇਹ ਸਭ ਗੱਲਾਂ ਕਿਵੇਂ ਜਾਣ ਸਕਦੇ। ਮਨੁੱਖ ਪੂਜਾ ਕਰਦੇ ਹਨ ਪਰ ਸਮਝਦੇ ਨਹੀਂ ਕਿ ਇਹ ਕੌਣ ਹੈ, ਜਿਸਦੀ ਅਸੀਂ ਪੂਜਾ ਕਰਦੇ ਹਾਂ। ਬਾਪ ਬੈਠ ਸਮਝਾਉਂਦੇ ਹਨ - ਪਹਿਲੀ - ਪਹਿਲੀ ਮੁਖ ਗੱਲ ਹੈ ਗੀਤਾ ਨੂੰ ਖੰਡਨ ਕਰਨ ਦੀ। ਕਹਿੰਦੇ ਹਨ ਸ਼੍ਰੀਮਤ ਭਗਵਤ ਗੀਤਾ। ਗੀਤਾ ਦਾ ਪਤੀ ਹੈ ਭਗਵਾਨ ਨਾ ਕਿ ਕੋਈ ਮਨੁੱਖ। ਬ੍ਰਹਮਾ, ਵਿਸ਼ਨੂੰ ਸ਼ੰਕਰ ਨੂੰ ਦੇਵਤਾ ਕਿਹਾ ਜਾਂਦਾ ਹੈ ਅਤੇ ਸਤਿਯੁਗ ਦੇ ਮਨੁੱਖਾਂ ਨੂੰ ਦੇਵਤਾਈ ਗੁਣਾਂ ਵਾਲਾ ਕਿਹਾ ਜਾਂਦਾ ਹੈ। ਦੈਵੀ ਧਰਮ ਵਾਲੇ ਸ਼੍ਰੇਸ਼ਠਾਚਾਰੀ ਨੂੰ ਦੇਵਤਾਈ ਗੁਣਾਂ ਵਾਲੇ ਕਹਿੰਦੇ ਹਨ। ਭਾਰਤ ਦੇ ਮਨੁੱਖ ਸ਼੍ਰੇਸ਼ਠਾਚਾਰੀ ਸਨ। ਉਹ ਫਿਰ ਆਸੁਰੀ ਗੁਣ ਵਾਲੇ ਬਣ ਜਾਂਦੇ ਹਨ। ਮੁਖ ਧਰਮ ਸ਼ਾਸਤਰ ਚਾਰ ਹਨ। ਹੋਰ ਕੋਈ ਧਰਮ ਸ਼ਾਸਤਰ ਹੈ ਨਹੀਂ। ਜੇਕਰ ਹਨ ਤਾਂ ਵੀ ਬਹੁਤ ਛੋਟੇ -ਛੋਟੇ ਮੱਠ ਸਥਾਪਨ ਕੀਤੇ ਹਨ। ਜਿਵੇਂ ਸੰਨਿਆਸੀਆਂ ਦਾ ਮਠ, ਬੋਧੀਆਂ ਦਾ ਮੱਠ। ਬੁੱਧ ਨੇ ਬੋਧੀ ਧਰਮ ਸਥਾਪਨ ਕੀਤਾ। ਉਹ ਕਹਿਣਗੇ ਸਾਡਾ ਫਲਾਣਾ ਧਰਮ ਸ਼ਾਸਤਰ ਹੈ ਇੱਕ। ਸਤਿਯੁਗੀ ਦੇਵੀ - ਦੇਵਤਾ ਧਰਮ ਦਾ ਸ਼ਾਸਤਰ ਹੈ ਇੱਕ, ਉਸਨੂੰ ਸ਼੍ਰੀਮਤ ਭਗਵਤ ਗੀਤਾ ਕਿਹਾ ਜਾਂਦਾ ਹੈ। ਗੀਤਾ ਮਾਤਾ, ਉਹਨਾਂ ਦਾ ਰਚਿਯਤਾ ਹੈ ਪਰਮਪਿਤਾ ਪਰਮਾਤਮਾ। ਸ਼੍ਰੀਕ੍ਰਿਸ਼ਨ ਦੀ ਆਤਮਾ ਜਦੋਂ 84 ਜਨਮ ਪੂਰੇ ਕਰਦੀ ਹੈ ਉਦੋਂ ਫਿਰ ਗੀਤਾ ਦੇ ਭਗਵਾਨ, ਗਿਆਨ ਸਾਗਰ ਪਰਮਪਿਤਾ ਪਰਮਾਤਮਾ ਨਾਲ ਸਹਿਜ ਰਾਜਯੋਗ ਅਤੇ ਗਿਆਨ ਸਿੱਖ ਉੱਚ ਪਦਵੀ ਪਾਉਂਦੀ ਹੈ। ਅਜਿਹੇ ਉੱਚ ਤੇ ਉੱਚ ਧਰਮ ਸ਼ਾਸਤਰ ਨੂੰ ਖੰਡਨ ਕਰ ਦਿੱਤਾ ਹੈ, ਜਿਸ ਕਾਰਨ ਹੀ ਭਾਰਤ ਕੌਡੀ ਤੁਲਜ ਬਣਿਆ ਹੈ। ਇਹ ਵੀ ਡਰਾਮੇ ਵਿੱਚ ਏਕਜ ਭੁੱਲ ਹੈ, ਜੋ ਗੀਤਾ ਨੂੰ ਖੰਡਣ ਕਰ ਦਿੱਤਾ ਹੈ। ਬਾਪ ਹੁਣ ਜੋ ਸੱਚੀ ਗੀਤਾ ਸੁਣਾ ਰਹੇ ਹਨ ਉਹ ਨਿਕਲਣੀ ਚਾਹੀਦੀ ਹੈ। ਸੱਚੀ ਗੀਤ ਗੌਰਮਿੰਟ ਨੂੰ ਛਪਾਉਣਾ ਚਾਹੀਦਾ ਹੈ। ਇਹ ਹੈ ਸ਼੍ਰੀਮਤ ਭਗਵਾਨੁਵਾਚ। ਬੱਚਿਆਂ ਪ੍ਰਤੀ ਬਾਪ ਡਾਇਰੈਕਸ਼ਨ ਦਿੰਦੇ ਹਨ - ਚੰਗੀ ਤਰ੍ਹਾਂ ਲਿਖਣਾ ਚਾਹੀਦਾ ਹੈ ਸ਼ਾਰਟ ਵਿੱਚ। ਤੁਸੀਂ ਜਾਣਦੇ ਹੋ ਸੱਚੀ ਗੀਤਾ ਨਾਲ ਸੈਕਿੰਡ ਵਿੱਚ ਜੀਵਨਮੁਕਤੀ ਮਿਲ ਜਾਂਦੀ ਹੈ। ਬਾਪ ਦਾ ਬਣ ਬਾਪ ਕੋਲੋਂ ਵਰਸਾ ਲੈਣਾ ਹੈ। ਬੀਜ਼, ਝਾੜ ਅਤੇ ਡਰਾਮੇ ਦੇ ਚੱਕਰ ਨੂੰ ਸਮਝਾਉਣਾ ਹੈ, ਗਾਉਂਦੇ ਵੀ ਹਨ ਸਤਿਯੁਗ ਆਦਿ ਸਤ, ਹੈ ਵੀ ਸਤ, ਹੋਸੀ ਵੀ ਸਤ। ਝਾੜ ਨੂੰ ਜਾਨਣਾ ਵੀ ਸਹਿਜ ਹੈ। ਇਹਨਾਂ ਦਾ ਬੀਜ਼ ਉੱਪਰ ਹੈ, ਇਹ ਵਰੇਇਟੀ ਧਰਮਾਂ ਦਾ ਝਾੜ ਹੈ। ਇਸ ਵਿੱਚ ਸਭ ਆ ਗਏ। ਬਾਕੀ ਛੋਟੀਆਂ - ਛੋਟੀਆਂ ਟਾਲੀਆ ਤਾਂ ਅਥਾਹ ਹਨ, ਮੱਠ ਪੰਥ ਬਹੁਤ ਹਨ। ਭਾਰਤ ਦਾ ਆਦਿ ਸਨਾਤਨ ਦੇਵੀ - ਦੇਵਤਾ ਧਰਮ ਹੈ, ਉਹ ਕਿਸਨੇ ਸਥਾਪਨ ਕੀਤਾ? ਭਗਵਾਨ ਨੇ। ਕਿਸੇ ਮਨੁੱਖ ਨੇ ਨਹੀਂ ਕੀਤਾ। ਸ਼੍ਰੀਕ੍ਰਿਸ਼ਨ ਤਾਂ ਦੈਵੀ ਗੁਣਾਂ ਵਾਲਾ ਮਨੁੱਖ ਸੀ, ਉਹ 84

ਜਨਮ ਪੂਰੇ ਕਰ ਹੁਣ ਅੰਤਿਮ ਜਨਮ ਵਿੱਚ ਹਨ। ਸੂਰਜਵੰਸ਼ੀ, ਚੰਦਰਵੰਸ਼ੀ, ਵੇਸ਼ਵੰਸ਼ੀ ਬਣਦੇ - ਬਣਦੇ ਕਲਾਵਾਂ ਘੱਟ ਹੁੰਦੀਆਂ ਜਾਂਦੀਆਂ ਹਨ। ਸੂਰਜਵੰਸ਼ੀ ਰਾਜਧਾਨੀ ਜੋ ਸਤਿਯੁਗ ਵਿੱਚ ਸ਼੍ਰੇਸਠਾਚਾਰੀ ਸਨ ਸੋ ਕਲਿਯੁਗ ਵਿੱਚ ਹੁਣ ਭ੍ਰਸ਼ਟਾਚਾਰੀ ਹਨ। ਹੁਣ ਫਿਰ ਸ਼੍ਰੇਸ਼ਠਾਚਾਰੀ ਬਣ ਰਹੀ ਹੈ। ਤੁਹਾਡੀ ਬੁੱਧੀ ਵਿੱਚ ਹੈ ਕਿ ਉੱਚ ਤੇ ਉੱਚ ਕਿਸਦਾ ਪਾਰ੍ਟ ਹੋਵੇਗਾ? ਹੁਣ ਤੁਸੀਂ ਜਾਣ ਗਏ ਹੋ। ਮੁਖ ਹੈ ਹੀ ਸ਼ਿਵਾਏ ਨਮ:, ਜੋ ਉਹਨਾਂ ਦੀ ਮਹਿਮਾ ਹੈ ਉਹ ਬ੍ਰਹਮਾ - ਵਿਸ਼ਨੂੰ -ਸ਼ੰਕਰ ਦੇ ਲਈ ਨਹੀਂ ਗਾ ਸਕੋਂਗੇ। ਪ੍ਰਾਜੀਡੇਂਟ ਦੀ ਮਹਿਮਾ ਪ੍ਰਾਈਮਮਿਨਿਸਟਰ ਨੂੰ ਜਾਂ ਹੋਰ ਕਿਸੇ ਨੂੰ ਦੇਣਗੇ ਕੀ? ਵਖ-ਵੱਖ ਟਾਈਟਲ ਹੈ ਨਾ। ਸਭ ਇੱਕ ਤਾਂ ਨਹੀਂ ਹੋ ਸਕਦੇ। ਤੁਸੀਂ ਬੱਚਿਆਂ ਨੂੰ ਹੁਣ ਬੁੱਧੀ ਮਿਲੀ ਹੈ। ਤੁਸੀਂ ਜਾਣਦੇ ਹੋ ਕ੍ਰਾਇਸਟ ਨੂੰ ਵੀ ਆਪਣਾ ਕ੍ਰਿਸ਼ਚਨ ਧਰਮ ਸਥਾਪਨ ਕਰਨ ਦਾ ਪਾਰ੍ਟ ਮਿਲਿਆ ਹੋਇਆ ਹੈ। ਆਤਮਾ ਹੈ ਤਾਂ ਬਿੰਦੀ। ਉਸ ਆਤਮਾ ਵਿੱਚ ਪਾਰ੍ਟ ਭਰਿਆ ਹੋਇਆ ਹੈ। ਕ੍ਰਿਸ਼ਚਨ ਧਰਮ ਦੀ ਸਥਾਪਨਾ ਕਰ ਫਿਰ ਪੁਨਰਜਨਮ ਲੈਂਦੇ ਸਤੋ - ਰਜੋ - ਤਮੋ ਵਿੱਚ ਆਉਣਾ ਹੈ। ਪਿਛਾੜੀ ਵਿੱਚ ਸਾਰਾ ਝਾੜ - ਜੜ੍ਹਜੜੀ ਭੂਤ ਹੋਣਾ ਹੀ ਹੈ। ਹਰੇਕ ਨੂੰ ਕਿੰਨਾ -ਕਿੰਨਾ ਸਮਾਂ ਪਾਰ੍ਟ ਮਿਲਿਆ ਹੋਇਆ ਹੈ। ਬੁੱਧ ਨੂੰ ਕਿੰਨਾ ਸਮਾਂ ਪਾਲਣਾ ਕਰਨੀ ਹੈ - ਇਹ ਤੁਸੀਂ ਜਾਣਦੇ ਹੋ। ਵੱਖ - ਵੱਖ ਨਾਮ - ਰੂਪ ਵਿੱਚ ਜਨਮ ਲੈਂਦੇ ਰਹਿੰਦੇ ਹਨ।

ਹੁਣ ਬਾਬਾ ਤੁਹਾਡੀ ਕਿੰਨੀ ਵਿਸ਼ਾਲ ਬੁੱਧੀ ਬਣਾਉਂਦੇ ਹਨ। ਪਰ ਕਈ ਤਾਂ ਸ਼ਿਵਬਾਬਾ ਨੂੰ ਯਾਦ ਵੀ ਨਹੀ ਕਰ ਸਕਦੇ। ਬੇਹੱਦ ਦਾ ਬਾਪ ਬੇਹੱਦ ਦਾ ਵਰਸਾ ਦਿੰਦੇ ਹਨ। ਇਹ ਵੀ ਤੁਸੀਂ ਸਮਝਾ ਨਹੀਂ ਸਕਦੇ। ਬਾਬਾ ਨੇ ਬਹੁਤ ਵਾਰੀ ਸਮਝਾਇਆ ਹੈ, ਆਤਮਾ ਵਿਚ ਅਵਿਨਾਸ਼ੀ ਪਾਰਟ ਨੂੰਧਿਆ ਹੋਇਆ ਹੈ। ਇੱਕ ਸ਼ਰੀਰ ਛੱਡ ਦੂਸਰਾ ਲੈਣਾ ਹੈ। ਕਿੰਨੀਆਂ ਗੁਪਤ ਗੱਲਾਂ ਹਨ ਸਮਝਣ ਦੀਆਂ। ਜੋ ਸਕੂਲ ਵਿੱਚ ਰੋਜ ਪੜਦੇ ਹੋਣਗੇ, ਉਹ ਹੀ ਸਮਝਣਗੇ। ਕੋਈ ਤਾਂ ਚਲਦੇ - ਚਲਦੇ ਥੱਕ ਜਾਂਦੇ ਹਨ। ਗਾਉਂਦੇ ਵੀ ਹਨ ਤੁਸੀਂ ਮਾਤ - ਪਿਤਾ ਅਸੀਂ ਬਾਲਕ ਤੇਰੇ... ਬਾਪ ਕਹਿੰਦੇ ਹਨ ਤੁਹਾਨੂੰ ਸਵਰਗ ਦੇ ਸੁਖ ਘਨੇਰੇ ਦੇਣ ਦਾ ਪੁਰਸ਼ਾਰਥ ਕਰਵਾ ਰਹੇ ਹਾਂ। ਤੁਸੀਂ ਥੱਕ ਨਹੀਂ ਜਾਣਾ। ਇੰਨੀ ਉੱਚ ਤੇ ਉੱਚ ਪੜਾਈ ਪੜਨਾ ਤੁਸੀ ਛੱਡ ਦਿੰਦੇ ਹੋ। ਕੋਈ ਤਾਂ ਪੜਾਈ ਛੱਡ ਫਿਰ ਵਿਕਾਰ ਵਿੱਚ ਵੀ ਚਲੇ ਜਾਂਦੇ ਹਨ। ਜਿਵੇਂ ਦਾ ਤਿਵੇਂ ਬਣ ਜਾਂਦੇ ਹਨ। ਚਲਦੇ - ਚਲਦੇ ਡਿੱਗ ਪੈਣਗੇ ਤਾਂ ਹੋਰ ਕੀ ਹੋਵੇਗਾ। ਭਾਵੇਂ ਉੱਥੇ ਸੁਖ ਵਿੱਚ ਹਨ ਪ੍ਰੰਤੂ ਪਦਵੀ ਦਾ ਤੇ ਫਰਕ ਹੈ ਨਾ। ਇੱਥੇ ਸਭ ਦੁਖੀ ਹਨ। ਉੱਥੇ ਰਾਜਾ - ਪ੍ਰਜਾ ਸਭ ਨੂੰ ਸੁਖ ਹੈ। ਫਿਰ ਵੀ ਪਦਵੀ ਤੇ ਉੱਚੀ ਲੈਣੀ ਚਾਹੀਦੀ ਹੈ ਨਾ। ਪੜਾਈ ਛੱਡ ਦਿੱਤੀ ਤਾਂ ਮਾਤਾ - ਪਿਤਾ ਕਹਿਣਗੇ ਤੁਸੀਂ ਤਾਂ ਲਾਇਕ ਨਹੀਂ ਹੋ। ਬਾਪ ਤੋਂ ਸਵਰਗ ਦਾ ਵਰਸਾ ਲੈਂਦੇ- ਲੈਂਦੇ ਬੱਚੇ ਥੱਕ ਜਾਂਦੇ ਹਨ। ਚਲਦੇ - ਚਲਦੇ ਮਾਇਆ ਵਾਰ ਕਰ ਦਿੰਦੀ ਹੈ ਤਾਂ ਮੁੜ ਜਾਂਦੇ ਹਨ। ਜੋ ਜਮਾ ਕੀਤਾ ਉਹ ਫਿਰ ਨਾ ਹੋ ਜਾਂਦੀ। ਬਾਕੀ ਕੀ ਬਣਨਗੇ? ਸਵਰਗ ਵਿਚ ਭਾਵੇਂ ਜਾਣਗੇ, ਲੇਕਿਨ ਬਿਲਕੁਲ ਸਧਾਰਨ ਪ੍ਰਜਾ ਜਾਕੇ ਬਣਨਗੇ। ਬਾਪ ਕਹਿੰਦੇ ਹਨ ਸਾਡਾ ਬਣਕੇ ਫਿਰ ਥੱਕ ਕੇ ਬੈਠ ਗਏ ਜਾਂ ਟ੍ਰੇਟਰ ਬਣ ਗਏ ਤਾਂ ਪ੍ਰਜਾ ਵਿੱਚ ਚੰਡਾਲ ਜਾਕੇ ਬਣਨਗੇ। ਸਾਰੇ ਚਾਹੀਦੇ ਹਨ ਨਾ। ਸਵਰਗ ਦਾ ਮਾਲਿਕ ਬਣਦੇ - ਬਣਦੇ ਜੇਕਰ ਪੜਾਈ ਨੂੰ ਛੱਡ ਦਿੰਦੇ ਹਨ ਤਾਂ ਉਨ੍ਹਾਂ ਵਰਗਾ ਮਹਾਨ ਮੂਰਖ ਦੁਨੀਆ ਵਿੱਚ ਕੋਈ ਹੁੰਦਾ ਨਹੀਂ। ਲਿਖਦੇ ਵੀ ਹਨ ਤੁਸੀਂ ਮਾਤ - ਪਿਤਾ ਅਸੀਂ ਬਾਲਿਕ ਤੇਰੇ, ਤੁਹਾਡੀ ਕ੍ਰਿਪਾ ਨਾਲ ਸਵਰਗ ਦੇ ਬਹੁਤ ਸੁਖ ਘਨੇਰੇ ਮਿਲਦੇ ਹਨ। ਕ੍ਰਿਪਾ ਕਰੋ। ਬਾਪ ਕਹਿਣਗੇ ਕ੍ਰਿਪਾ ਦੀ ਤਾਂ ਗੱਲ ਹੀ ਨਹੀਂ। ਮੈਂ ਟੀਚਰ ਹਾਂ, ਪੜਾਵਾਂਗਾ, ਪੁਰਸ਼ਾਰਥ ਤੁਸੀਂ ਕਰੋ, ਚੰਗੇ ਮਾਰਕਸ ਵਿੱਚ ਪਾਸ ਹੋਣ ਲਈ। ਬਾਕੀ ਮੈਂ ਥੋੜੀ ਨਾ ਬੈਠ ਸਭ ਤੇ ਅਸ਼ੀਰਵਾਦ ਕਰਾਂਗਾ। ਤੁਸੀਂ ਯੋਗ ਵਿੱਚ ਰਹੋ ਤਾਂ ਤਾਕਤ ਮਿਲਦੀ ਰਹੇਗੀ। ਸਭ ਥੋੜੀ ਨਾ ਗੱਦੀ ਤੇ ਬੈਠਣਗੇ। ਇੱਕ ਦੂਜੇ ਦੇ ਸਿਰ ਤੇ ਬੈਠਣਗੇ ਕੀ। ਤਾਂ ਧਰਮ ਮੁੱਖ ਹਨ ਹੀ ਚਾਰ, ਸ਼ਾਸਤਰ ਵੀ ਚਾਰ ਹਨ। ਉਨ੍ਹਾਂ ਵਿਚੋਂ ਮੁੱਖ ਹੈ ਗੀਤਾ। ਬਾਕੀ ਸਭ ਉਨ੍ਹਾਂ ਦੇ ਬੱਚੇ ਹਨ। ਵਰਸਾ ਤੇ ਮਾਤਾ - ਪਿਤਾ ਤੋਂ ਹੀ ਮਿਲਦਾ ਹੈ। ਹੁਣ ਬਾਪ ਸਾਮ੍ਹਣੇ ਸਮਝਾ ਰਹੇ ਹਨ। ਸਿਰਫ ਗੀਤਾ ਪੜਨ ਨਾਲ ਹੀ ਥੋੜ੍ਹੀ ਰਾਜਿਆਂ ਦਾ ਰਾਜਾ ਬਣ ਜਾਵੋਗੇ। ਬਾਬਾ ਨੇ ਤੇ ਗੀਤਾ ਪੜੀ ਹੈ। ਪ੍ਰੰਤੂ ਉਸ ਨਾਲ ਹੁੰਦਾ ਕੁਝ ਵੀ ਨਹੀਂ ਹੈ। ਇਹ ਸਭ ਹਨ ਭਗਤੀ ਮਾਰਗ ਦੇ ਸ਼ਾਸਤਰ, ਤੁਹਾਨੂੰ ਪੁਰਸ਼ਾਰਥ ਕਰ 16 ਕਲਾ ਸੰਪੂਰਨ ਬਣਨਾ ਹੈ। ਹਾਲੇ ਤਾਂ ਤੁਹਾਡੇ ਵਿੱਚ ਕੋਈ ਕਲਾ, ਕੋਈ ਗੁਣ ਨਹੀਂ ਰਿਹਾ ਹੈ। ਗਾਉਂਦੇ ਵੀ ਹਨ ਮੁਝ ਨਿਰਗੁਣ ਹਾਰੇ ਵਿੱਚ ਕੋਈ ਗੁਣ ਨਾਹੀਂ, ਆਪੇ ਹੀ ਤਰਸ ਪਰੋਈ... ਸਾਨੂੰ ਫਿਰ16 ਕਲਾ ਸੰਪੂਰਨ ਬਣਾਓ। ਜੋ ਅਸੀਂ ਸੀ ਫਿਰ ਬਣਾਓ। ਹੁਣ ਤੁਸੀਂ ਜਾਣਦੇ ਹੋ ਬਾਪ ਸਾਮ੍ਹਣੇ ਆਕੇ ਸਮਝਾ ਰਹੇ ਹਨ। ਇੱਕ ਨਿਰਗੁਣ ਸੰਸਥਾ ਵੀ ਬਣਾ ਦਿੱਤੀ ਹੈ। ਨਿਰਗੁਣ ਨਿਰਾਕਾਰ ਦਾ ਅਰਥ ਵੀ ਨਹੀਂ ਜਾਣਦੇ ਹਨ। ਸ਼ਿਵ ਦਾ ਤੇ ਆਕਾਰ ਵੀ ਹੈ। ਜਿਸ ਦਾ ਨਾਮ ਹੈ, ਤਾਂ ਚੀਜ ਵੀ ਤੇ ਹੈ ਨਾ। ਆਤਮਾ ਇਤਨੀ ਸੂਖਸ਼ਮ ਹੈ, ਉਸ ਦਾ ਵੀ ਨਾਮ ਹੈ। ਬ੍ਰਹਮ ਮਹਾਤੱਤਵ, ਜਿੱਥੇ ਆਤਮਾਵਾਂ ਨਿਵਾਸ ਕਰਦੀਆਂ ਹਨ, ਉਹ ਵੀ ਨਾਮ ਹੈ ਨਾ। ਨਾਮ - ਰੂਪ ਤੋਂ ਨਿਆਰੀ ਤਾਂ ਕੋਈ ਚੀਜ ਹੁੰਦੀ ਨਹੀਂ। ਭਗਵਾਨ ਨੂੰ ਕਹਿੰਦੇ ਨਾਮ - ਰੂਪ ਤੋਂ ਨਿਆਰਾ, ਫਿਰ ਉਨ੍ਹਾਂ ਨੂੰ ਸ੍ਰਵਵਿਆਪੀ ਕਹਿ ਦਿੰਦੇ। ਇਹ ਕਿੰਨੀ ਵੱਡੀ ਭੁੱਲ ਹੈ। ਮਨੁੱਖ ਜਦੋਂ ਇਨ੍ਹਾਂ ਗੱਲਾਂ ਨੂੰ ਸਮਝਣ ਤਾਂ ਤੇ ਨਿਸ਼ਚੇ ਕਰਨ। ਬਾਬਾ ਅਸੀਂ ਤੁਹਾਨੂੰ ਜਾਣਿਆ ਹੈ। ਕਲਪ - ਕਲਪ ਤੁਹਾਡੇ ਤੋਂ ਰਾਜਭਾਗ ਲੈਂਦੇ ਆਏ ਹਾਂ। ਅਜਿਹਾ ਨਿਸ਼ਚੇ ਹੋਵੇ ਤਾਂ ਪੜ ਸਕਦੇ ਹਨ। ਇਥੋਂ ਬਾਹਰ ਨਿਕਲਦੇ ਅਤੇ ਭੁੱਲ ਜਾਂਦੇ ਹਨ ਇਸਲਈ ਪਹਿਲਾਂ - ਪਹਿਲਾਂ ਤਾਂ ਲਿਖਵਾ ਲੈਣਾ ਚਾਹੀਦਾ ਹੈ ਬਰੋਬਰ ਸ਼ਿਵਬਾਬਾ ਆਇਆ ਹੈ - ਰਾਜਯੋਗ ਸਿਖਾਉਣ। ਲਿਖ ਵੀ ਦਿੰਦੇ ਫਿਰ ਪੜਦੇ ਨਹੀਂ। ਬਲੱਡ ਨਾਲ ਵੀ ਲਿਖ ਕੇ ਦਿੰਦੇ ਹਨ। ਪ੍ਰੰਤੂ ਅੱਜ ਹਨ ਨਹੀਂ, ਮਾਇਆ ਕਿੰਨੀ ਤਿੱਖੀ ਹੈ। ਬਾਪ ਕਿੰਨਾ ਬੈਠ ਸਮਝਾਉਂਦੇ ਹਨ। ਤੁਹਾਡੀ ਵਿਹੰਗ ਮਾਰਗ ਦੀ ਸਰਵਿਸ ਉਦੋਂ ਹੋਵੇਗੀ ਜਦੋਂ ਅਜਿਹੇ ਪੱਤਰ ਲਿਖੋਗੇ। ਤੁਹਾਡੀ ਸ਼ਕਤੀ ਸੈਨਾ ਵਿਚ ਵੀ ਨੰਬਰਵਾਰ ਹਨ। ਕੋਈ ਚੀਫ਼ ਕਮਾਂਡਰ ਹੈ, ਕੋਈ ਕੈਪਟਨ ਹੈ, ਕੋਈ ਮੇਜਰਸ ਹਨ। ਕਈ ਸਿਪਾਹੀਆਂ ਦੇ ਨਾਲ ਭਾਰ ਚੁੱਕਣ ਵਾਲੇ ਵੀ ਹਨ। ਸਾਰੀ ਸੈਨਾ ਹੈ। ਬਾਬਾ ਤੇ ਪੁਰਸ਼ਾਰਥ ਕਰਵਾਉਣਗੇ ਨਾ। ਹਰ ਇੱਕ ਦੇ ਪੁਰਸ਼ਾਰਥ ਕਰਨ ਨਾਲ ਸਮਝ ਵਿਚ ਆਉਂਦਾ ਹੈ - ਇਹ ਰਾਜਾ - ਰਾਣੀ ਬਣਨਗੇ ਜਾਂ ਚੰਗੀ ਸਾਹੂਕਾਰ ਪ੍ਰਜਾ ਵਿੱਚ ਜਾਣਗੇ, ਇਹ ਸਧਾਰਨ ਪ੍ਰਜਾ ਵਿੱਚ ਜਾਣਗੇ, ਇਹ ਦਾਸ - ਦਾਸੀ ਬਣਨਗੇ। ਇਹ ਤੇ ਬਿਲਕੁਲ ਸੌਖਾ ਹੈ ਸਮਝਣ ਦਾ। ਤਾਂ ਪਹਿਲੀ ਮੁੱਖ ਗੱਲ ਨੂੰ ਉਠਾਉਣਾ ਹੈ। ਬਾਬਾ ਕਿੰਨੀ

ਲਲਕਾਰ ਕਰਦੇ ਹਨ ਮਹਾਰਥੀਆਂ ਨੂੰ। ਤਾਂ ਵਿਹੰਗ ਮਾਰਗ ਦੀ ਸੇਵਾ ਦੇ ਲਈ ਵਿਚਾਰ ਚਲਨੇ ਚਾਹੀਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਪੜ੍ਹਾਈ ਵਿੱਚ ਥੱਕਣਾ ਨਹੀਂ ਹੈ। ਉੱਚ ਤੋਂ ਉੱਚ ਪੜ੍ਹਾਈ ਰੋਜ ਪੜ੍ਹਨੀ ਅਤੇ ਪੜ੍ਹਾਉਣੀ ਹੈ।

2. ਵਿਹੰਗ ਮਾਰਗ ਦੀ ਸਰਵਿਸ ਕਰਨ ਦੀਆਂ ਯੁਕਤੀਆਂ ਨਿਕਾਲਣੀਆਂ ਹਨ। ਯੋਗ ਵਿੱਚ ਰਹਿ ਬਾਪ ਤੋਂ ਤਾਕਤ ਲੈਣੀ ਹੈ। ਕਿਰਪਾ, ਅਸ਼ੀਰਵਾਦ ਮੰਗਣੀ ਨਹੀਂ ਹੈ।

ਵਰਦਾਨ:- ਵਰਦਾਨਾਂ ਦੀ ਦਿਵਿਯ ਪਾਲਣਾ ਦਵਾਰਾ ਸਹਿਜ ਅਤੇ ਸ੍ਰੇਸ਼ਠ ਜੀਵਨ ਦਾ ਅਨੁਭਵ ਕਰਨ ਵਾਲੇ ਸਦਾ ਖੁਸ਼ਨਸੀਬ ਭਵ ।

ਬਾਪਦਾਦਾ ਸੰਗਮਯੁੱਗ ਤੇ ਸਾਰੇ ਬੱਚਿਆਂ ਦੀ ਤਿੰਨ ਸੰਬੰਧਾਂ ਨਾਲ ਪਾਲਣਾ ਕਰਦੇ ਹਨ। ਬਾਪ ਦੇ ਸੰਬੰਧ ਨਾਲ ਵਰਸੇ ਦੀ ਸਮ੍ਰਿਤੀ ਦਵਾਰਾ ਪਾਲਣਾ, ਸਿੱਖਿਅਕ ਦੇ ਸੰਬੰਧ ਨਾਲ ਪੜ੍ਹਾਈ ਦੀ ਪਾਲਣਾ ਅਤੇ ਸਤਿਗੁਰੂ ਦੇ ਸੰਬੰਧ ਨਾਲ ਵਰਦਾਨਾਂ ਦੀ ਅਨੁਭੂਤੀ ਦੀ ਪਾਲਣਾ.. ਇੱਕ ਹੀ ਸਮੇਂ ਤੇ ਸਭ ਨੂੰ ਮਿਲ ਰਹੀ ਹੈ, ਇਸੇ ਦਿਵਿਯ ਪਾਲਣਾ ਦਵਾਰਾ ਸਹਿਜ ਅਤੇ ਸ੍ਰੇਸ਼ਠ ਜੀਵਨ ਦਾ ਅਨੁਭਵ ਕਰਦੇ ਰਹੋ। ਮਿਹਨਤ ਅਤੇ ਮੁਸ਼ਕਿਲ ਸ਼ਬਦ ਵੀ ਸਮਾਪਤ ਹੋ ਜਾਵੇ ਤਾਂ ਕਹਾਂਗੇ ਖੁਸ਼ਨਸੀਬ।

ਸਲੋਗਨ:- ਬਾਪ ਦੇ ਨਾਲ - ਨਾਲ ਸਰਵ ਆਤਮਾਵਾਂ ਦੇ ਸਨੇਹੀ ਬਣਨਾ ਹੀ ਸੱਚੀ ਸਦਭਾਵਨਾ ਹੈ।

******